BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦੇ ਪਹਿਲੇ ਐਨਵਾਇਰਨਮੈਂਟਲ ਜਸ਼ਨ ਅਤੇ ਗ੍ਰੋ ਗ੍ਰੀਨ ਅਵਾਰਡਸ ਸੈਰੇਮਨੀ ਵਿੱਚ ਸ਼ਾਮਲ ਹੋਵੋ

ਬ੍ਰੈਂਪਟਨ, ਓਨਟੈਰੀਓ (14 ਅਪ੍ਰੈਲ, 2022) – ਅਰਥ ਮੰਥ (Earth Month) ਦੇ ਹਿੱਸੇ ਵਜੋਂ, ਸਿਟੀ ਆਫ ਬ੍ਰੈਂਪਟਨ, ਅਰਥ ਡੇ ਵੀਕੈਂਡ ਨੂੰ ਆਪਣੇ ਪਹਿਲੇ ਐਨਵਾਇਰਨਮੈਂਟਲ ਜਸ਼ਨ (Environmental Celebration) ਅਤੇ ਗ੍ਰੋ ਗ੍ਰੀਨ ਅਵਾਰਡਸ ਸੈਰੇਮਨੀ (Grow Green Awards Ceremony) ਦੀ ਮੇਜਬਾਨੀ ਕਰ ਰਹੀ ਹੈ।

ਐਨਵਾਇਰਨਮੈਂਟਲ ਜਸ਼ਨ ਅਤੇ ਗ੍ਰੋ ਗ੍ਰੀਨ ਅਵਾਰਡਸ ਸੈਰੇਮਨੀ, ਸ਼ਨੀਵਾਰ, 23 ਅਪ੍ਰੈਲ ਨੂੰ ਸਵੇਰੇ 10 ਵਜੇ ਤੋਂ ਦੁਪਹਿਰ ਬਾਅਦ 2 ਵਜੇ ਤੱਕ, 170 ਕਲਾਰਕ ਬੁਲੇਵਾਰਡ (170 Clark Boulevard) ਵਿਖੇ ਸਥਿਤ, ਨੋਰਟਨ ਪਲੇਸ ਪਾਰਕ (Norton Place Park) ਵਿੱਚ ਹੋਵੇਗੀ।

ਇਹ ਮੁਫਤ ਕਾਰਜਕਰਮ ਪਬਲਿਕ ਲਈ ਖੁੱਲਾ ਹੈ ਅਤੇ ਇਸ ਵਿੱਚ ਵਾਤਾਵਰਣ ਦੇ ਥੀਮ ਵਾਲੇ ਕਮਿਉਨਿਟੀ ਫੇਅਰ ਦੇ ਹਿੱਸੇ ਵਜੋਂ, ਸਿਟੀ ਆਫ ਬ੍ਰੈਂਪਟਨ ਦੇ ਵਿਭਾਗਾਂ, ਲੋਕਲ ਕਮਿਉਨਿਟੀ ਗਰੁੱਪਾਂ ਅਤੇ ਗੈਰ-ਲਾਭ ਸੰਗਠਨਾਂ ਨੂੰ, ਨੇਚਰ ਵਾਕਸ ਅਤੇ ਟ੍ਰੈਜਰ ਹੰਟ ਵਰਗੀਆਂ ਗਤੀਵਿਧੀਆਂ, ਅਤੇ ਕਿਡਜ਼ ਜ਼ੋਨ ਨੂੰ ਪੇਸ਼ ਕੀਤਾ ਜਾਵੇਗਾ। ਇਸ ਕਾਰਜਕਰਮ ਦੀ ਹਿਮਾਇਤ, ਬ੍ਰੈਂਪਟਨ ਐਨਵਾਇਰਨਮੈਂਟਲ ਐਡਵਾਈਜਰੀ ਕਮੇਟੀ (Brampton Environmental Advisory Committee) ਅਤੇ ਬ੍ਰੈਂਪਟਨ ਐਨਵਾਇਰਨਮੈਂਟਲ ਅਲਾਈਂਸ (Brampton Environmental Alliance) ਵੱਲੋਂ ਕੀਤੀ ਗਈ ਹੈ।

ਗ੍ਰੋ ਗ੍ਰੀਨ ਅਵਾਰਡਸ ਸੈਰੇਮਨੀ ਸਵੇਰੇ 11:30 ਵਜੇ ਹੋਵੇਗੀ। ਇਸ ਵਿਚ ਉਹਨਾਂ ਸ਼ਾਨਦਾਰ ਵਿਅਕਤੀਆਂ ਅਤੇ ਸੰਗਠਨਾਂ ਦਾ ਜਸ਼ਨ ਮਨਾਇਆ ਜਾਵੇਗਾ ਅਤੇ ਉਹਨਾਂ ਨੂੰ ਸਨਮਾਨਿਤ ਕੀਤਾ ਜਾਵੇਗਾ, ਜਿਹਨਾਂ ਨੇ ਐਨਵਾਇਰਨਮੈਂਟਲ ਲੀਡਰਸ਼ਿਪ ਦਰਸਾਈ ਹੈ ਅਤੇ ਇੱਕ ਸਿਹਤਮੰਦ, ਸਥਿਰ ਅਤੇ ਮਜ਼ਬੂਤ ਬ੍ਰੈਂਪਟਨ ਬਣਾਉਣ ਵਾਸਤੇ, ਸਾਡੇ ਕੁਦਰਤੀ ਅਤੇ ਨਿਰਮਿਤ ਵਾਤਾਵਰਣਾਂ ਨੂੰ ਸੰਭਾਲ ਕੇ ਰੱਖਣ, ਉਹਨਾਂ ਵਿੱਚ ਵਾਧਾ ਕਰਨ ਅਤੇ ਸੰਤੁਲਨ ਬਿਠਾਉਣ ਦੇ, ਬ੍ਰੈਂਪਟਨ ਗ੍ਰੋ ਗ੍ਰੀਨ ਵਿਜਨ (Grow Green Vision) ਵਿੱਚ ਯੋਗਦਾਨ ਦਿੱਤਾ ਹੈ।

ਗ੍ਰੋ ਗ੍ਰੀਨ ਅਵਾਰਡਸ ਨੂੰ ਉਦਾਰਤਪੂਰਬਕ, ਅਰਗੋ ਡਿਵੈਲਪਮੈਂਟ ਕਾਰਪੋਰੇਸ਼ਨ (ARGO Development Corporation) ਵੱਲੋਂ ਪ੍ਰਾਯੋਜਿਤ (ਸਪਾਂਸਰ) ਕੀਤਾ ਗਿਆ ਹੈ।

ਇਸ ਕਾਰਜਕਰਮ ਵਾਸਤੇ ਰਜਿਸਟਰੇਸ਼ਨ ਜ਼ਰੂਰੀ ਹੈ। www.brampton.ca/earthmonth ਤੇ ਹੋਰ ਜਾਣਕਾਰੀ ਲਵੋ ਅਤੇ ਰਜਿਸਟਰ ਕਰੋ।

ਗ੍ਰੀਨ ਸਿਟੀ (Green City) ਹੋਣ ਵਜੋਂ, ਬ੍ਰੈਂਪਟਨ, ਸਥਿਰਤਾ ਯਤਨਾਂ ਅਤੇ ਵਾਤਾਵਰਣ ਤੇ ਇਸਦੇ ਪ੍ਰਭਾਵ ਨੂੰ ਘਟਾਉਣ ਵਿੱਚ ਲਗਾਤਾਰ ਅੱਗੇ ਵਧ ਰਿਹਾ ਹੈ। ਸਾਡੀਆਂ ਗ੍ਰੀਨ ਪਹਿਲਕਦਮੀਆਂ ਬਾਰੇ, www.brampton.ca ਤੇ ਹੋਰ ਜਾਣਕਾਰੀ ਪ੍ਰਾਪਤ ਕਰੋ।

**ਲਿੰਕ**

- ਕਮਿਉਨਿਟੀ ਐਨਰਜੀ ਐਂਡ ਐਮਿਸ਼ਨਸ ਰਿਡਕਸ਼ਨ ਪਲਾਨ (Community Energy and Emissions Reduction Plan)
- ਸੈਂਟਰ ਫਾਰ ਕਮਿਉਨਿਟੀ ਐਨਰਜੀ ਟ੍ਰਾਂਸਫੋਰਮੇਸ਼ਨ (Centre for Community Energy Transformation)
- ਪਾਰਕਲੈਂਡ ਡੈਡੀਕੇਸ਼ਨ ਸਟ੍ਰੈਟਜੀ (Parkland Dedication Strategy)
- ਅਰਬਨ ਫੋਰੈਸਟ ਮੈਨੇਜਮੈਂਟ ਪਲਾਨ (Urban Forest Management Plan)
- ਵਨ ਮਿਲੀਅਨ ਰੁੱਖ (One Million Trees)

- [ਇਲੈਕਟ੍ਰਿਕ ਬੱਸ ਡੈਮੋਨਸਟ੍ਰੇਸ਼ਨ ਐਂਡ ਇੰਟੀਗ੍ਰੇਸ਼ਨ ਟ੍ਰਾਇਲ (Electric Bus Demonstration and Integration Trial)]

**ਹਵਾਲੇ**

"ਬ੍ਰੈਂਪਟਨ ਇੱਕ ਗ੍ਰੀਨ ਸਿਟੀ ਹੈ ਅਤੇ ਮੈਂ, ਸਾਡੇ ਪਹਿਲੇ ਐਨਵਾਇਰਨਮੈਂਟਲ ਜਸ਼ਨ ਅਤੇ ਗੋ੍ ਗ੍ਰੀਨ ਅਵਾਰਡਸ ਸੈਰੇਮਨੀ ਲਈ ਉਤਸ਼ਾਹਿਤ ਹਾਂ। ਇਹ ਮਹੱਤਵਪੂਰਣ ਕਾਰਜਕਰਮ, ਸਾਡੇ ਸਥਿਰ ਸ਼ਹਿਰ ਅਤੇ ਹਰ ਉਸ ਵਿਅਕਤੀ ਨੂੰ ਉਜਾਗਰ ਕਰਦਾ ਹੈ ਅਤੇ ਉਸਦਾ ਜਸ਼ਨ ਮਨਾਉਂਦਾ ਹੈ, ਜੋ ਇਸਨੂੰ ਅਜਿਹਾ ਬਣਾਉਣ ਵਿੱਚ ਮਦਦ ਕਰਦਾ ਹੈ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ 23 ਅਪ੍ਰੈਲ ਨੂੰ, ਨੋਰਟਨ ਪਲੇਸ ਪਾਰਕ ਵਿਖੇ ਹੋਣ ਵਾਲੇ ਕਾਰਜਕਰਮ ਵਿੱਚ ਸ਼ਾਮਲ ਹੋਵੋ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਇਹ ਕਾਉਂਸਿਲ ਸਾਡੇ ਸ਼ਹਿਰ ਨੂੰ ਹਰਾ-ਭਰਾ ਬਣਾਉਣ ਲਈ ਵਚਨਬੱਧ ਹੈ। ਬ੍ਰੈਂਪਟਨ ਦੇ ਵਾਤਾਵਰਣ ਸਬੰਧੀ ਪ੍ਰੋਜੈਕਟਾਂ ਬਾਰੇ ਹੋਰ ਜਾਣਕਾਰੀ ਲਈ, ਚੈਟ ਕਰਨ ਅਤੇ ਲੋਕਲ ਸੰਗਠਨਾਂ ਨਾਲ ਸ਼ਮੂਲੀਅਤ ਲਈ, ਆਊਟਡੋਰ ਅਨੰਦ ਮਾਣਨ ਅਤੇ ਉਹਨਾਂ ਦਾ ਜਸ਼ਨ ਮਨਾਉਣ ਲਈ, ਜੋ ਹਰ ਰੋਜ਼ ਸਾਡੇ ਵਾਤਾਵਰਣ ਵਿੱਚ ਬਦਲਾਅ ਲਿਆਉਂਦੇ ਹਨ, ਐਨਵਾਇਰਨਮੈਂਟਲ ਜਸ਼ਨ ਅਤੇ ਗੋ੍ ਗ੍ਰੀਨ ਅਵਾਰਡਸ ਸੈਰੇਮਨੀ ਵਿੱਚ ਸ਼ਾਮਲ ਹੋਵੋ।"

- *ਪਾੱਲ ਵਿਸੈਂਟ (Paul Vicente), ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ; ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਆਪਣੇ ਪਰਿਵਾਰ ਅਤੇ ਦੋਸਤਾਂ ਨੂੰ, ਸਾਡੇ ਪਹਿਲੇ ਐਨਵਾਇਰਨਮੈਂਟਲ ਜਸ਼ਨ ਅਤੇ ਗੋ੍ ਗ੍ਰੀਨ ਅਵਾਰਡਸ ਸੈਰੇਮਨੀ ਵਿੱਚ ਲੈ ਕੇ ਆਓ। ਅਸੀਂ, ਬ੍ਰੈਂਪਟਨ ਵਿੱਚ ਪੈਦਾ ਹੋਣ ਵਾਲੀਆਂ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ, 2050 ਤੱਕ 80 ਪ੍ਰਤੀਸ਼ਤ ਤੱਕ ਘਟਾਉਣ ਦੇ ਸਫਰ ਤੇ ਹਾਂ ਅਤੇ ਨਿਵਾਸੀ ਸਾਡੇ ਸ਼ਹਿਰ ਨੂੰ ਸਾਫ, ਹਰਾ-ਭਰਾ ਰੱਖਣ ਅਤੇ ਵੱਧ ਸਥਿਰ ਭਵਿੱਖ ਬਣਾਉਣ ਵਿੱਚ ਮਦਦ ਕਰ ਸਕਦੇ ਹਨ।"

- *ਡਗ ਵ੍ਹਿਲੈਨਸ (Doug Whillans), ਸਿਟੀ ਕਾਉਂਸਲਰ, ਵਾਰਡਸ 2 ਅਤੇ 6; ਮੈਂਬਰ, ਐਨਵਾਇਰਨਮੈਂਟ ਐਡਵਾਈਜ਼ਰੀ ਕਮੇਟੀ; ਮੈਂਬਰ, ਸੀ.ਈ.ਈ.ਆਰ.ਪੀ. ਕਮਿਊਨਿਟੀ ਟਾਸਕ ਫੋਰਸ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਇਸ ਬਾਰੇ ਨਿਵਾਸੀਆਂ ਨੂੰ ਸੂਚਿਤ ਰੱਖਣ ਲਈ ਸਮਰਪਿਤ ਹੈ ਕਿ ਅਸੀਂ ਕਿਸ ਤਰ੍ਹਾਂ ਸਥਿਰਤਾ ਵਿੱਚ ਸੁਧਾਰ ਅਤੇ ਵਾਤਾਵਰਣ ਸਬੰਧੀ ਸਟੈਂਡਰਡਸ ਵਿੱਚ ਵਾਧਾ ਕਰ ਰਹੇ ਹਾਂ। ਐਨਵਾਇਰਨਮੈਂਟਲ ਜਸ਼ਨ ਅਤੇ ਗੋ੍ ਗ੍ਰੀਨ ਅਵਾਰਡਸ ਸੈਰੇਮਨੀ ਵਿੱਚ ਆਓ ਅਤੇ ਜਾਣਕਾਰੀ ਅਤੇ ਜਸ਼ਨ ਨਾਲ ਭਰਪੂਰ ਅਤੇ ਗ੍ਰੀਨ ਸ਼ਨੀਵਾਰ ਦਾ ਅਨੰਦ ਮਾਣੋ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca